# ਮੱਤੀ ਸੁਸਮਾਚਾਰ
# ਦੀ ਭੂਮਿਕਾ

**ਲੇਖਕ ਅਤੇ ਸਮਾ:**

ਲੂਕਾ ਇੱਕ ਵੈਦ ਸੀ (ਕੁਲੁੱਸੀਆਂ 4:14) ਅਤੇ ਪੌਲੁਸ ਦਾ ਹਮਸਫਰ ਸੀ। ਉਸੇ ਨੇ ਹੀ ਇਸ ਸੁਸਮਾਚਾਰ ਅਤੇ ਇਸ ਦੇ ਬਾਦ ਰਸੂਲਾਂ ਦੇ ਕਰਤੱਬ ਦੀ ਪੁਸਤਕ ਨੂੰ ਲਿਖਿਆ। ਲੂਕਾ ਦੇ ਸੁਸਮਾਚਾਰ ਅਤੇ ਰਸੂਲਾਂ ਦੇ ਕਰਤੱਬ ਦੀ ਪੁਸਤਕ ਦਾ ਅੰਦਾਜਨ ਸਮਾ ਰਸੂਲਾਂ ਦੇ ਕਰਤੱਬ 28 ਵਿੱਚ ਦੱਸੀਆਂ ਗਈਆਂ ਘਟਨਾਵਾਂ ਦੇ ਬਾਦ ਹੀ ਲਗਭਗ 62 ਈਸਵੀ ਹੈ। ਲੂਕਾ ਦਾ ਸੁਸਮਾਚਾਰ ਅਤੇ ਰਸੂਲਾਂ ਦੇ ਕਰਤੱਬ ਦੀ ਪੁਸਤਕ ਥਿਉਫ਼ਿਲੁਸ ਨੂੰ ਸੰਬੋਧਿਤ ਕੀਤੀ ਗਈ (ਲੂਕਾ 1:3; ਰਸੂਲਾਂ ਦੇ ਕਰਤੱਬ 1:1), ਇਸ ਦੇ ਬਾਰੇ ਕੋਈ ਵਧੇਰੀ ਜਾਣਕਾਰੀ ਨਹੀਂ ਹੈ। ਲੂਕਾ ਦੇ ਜ਼ਿਆਦਾਤਰ ਪਾਠਕ ਗੈਰ ਕੌਮਾਂ ਦੇ ਮਸੀਹੀ ਲੋਕ ਸਨ ਜਿਵੇਂ ਥਿਉਫ਼ਿਲੁਸ ਜੋ ਕਿ ਪਹਿਲਾਂ ਤੋਂ ਹੀ ਪ੍ਰਭੂ ਯਿਸੂ ਮਸੀਹ ਦੇ ਬਾਰੇ ਥੋੜਾ ਬਹੁਤ ਜਾਣਦੇ ਸਨ (ਲੂਕਾ 1:4).

**ਵਿਸ਼ੇ:**

ਇਹ ਸੁਸਮਾਚਾਰ ਯਹੂਦੀ ਅਤੇ ਗੈਰ ਕੌਮ ਦੋਹਾਂ ਦੇ ਹਰੇਕ ਵਿਅਕਤੀ ਲਈ ਹੈ, ਕਿਉਂਕਿ ਪ੍ਰਭੂ ਯਿਸੂ ਮਸੀਹ ਪਰਮੇਸ਼ੁਰ ਦੀ ਪ੍ਰਤਿੱਗਿਆ ਹੈ ਜਿਸ ਦੀ ਨਬੂਵਤ ਪੁਰਾਣੇ ਨੇਮ ਵਿੱਚ ਕੀਤੀ ਗਈ ਅਤੇ ਪਰਮੇਸ਼ੁਰ ਦੇ ਬਚਾਉਣ ਦੇ ਕੰਮ ਨੂੰ ਪ੍ਰਭੂ ਯਿਸੂ ਮਸੀਹ ਦੇ ਜੀਵਨ, ਮੌਤ ਅਤੇ ਜੀ ਉੱਠਣ ਵਿੱਚ ਵੇਖਿਆ ਗਿਆ ਹੈ। ਲੂਕਾ ਨੇ ਆਪਣੇ ਮਸੀਹੀ ਪਾਠਕਾਂ ਦੀਆਂ ਰੀਤਾਂ  ਦੀ ਸਚਿਆਈ ਉੱਤੇ ਜੋਰ ਦਿੱਤਾ ਜਿਹੜੀਆਂ ਉਨ੍ਹਾਂ ਨੂੰ ਸਿਖਾਈਆਂ ਗਈਆਂ ਸਨ ਤਾਂ ਜੋ ਉਹ ਪ੍ਰਭੂ ਯਿਸੂ ਮਸੀਹ, ਪਰਮੇਸ਼ੁਰ ਦੇ ਪੁੱਤਰ ਉੱਤੇ ਵਿਸ਼ਵਾਸ ਕਰਨ ਰਾਹੀਂ ਵਾਇਦਾ ਕੀਤੇ ਹੋਏ ਪਵਿੱਤਰ ਆਤਮਾ ਨੂੰ ਪ੍ਰਾਪਤ ਕਰਨ ਜਿਸ ਨੂੰ ਉਹ ਆਪਣੇ ਵਿਸ਼ਵਾਸ ਕਰਨ ਵਾਲਿਆਂ ਨੂੰ ਦਿੰਦੇ ਹਨ।

**ਮਕਸਦ:**

ਲੂਕਾ ਦੇ ਲਿਖਣ ਵਿੱਚ ਸੰਭਵ ਤੌਰ ਤੇ ਕਈ ਮਕਸਦ ਸਨ:

1. ਜੋ ਉਨ੍ਹਾਂ ਨੂੰ ਸਿਖਾਇਆ ਗਿਆ ਸੀ ਉਸ ਦੀ ਸਚਿਆਈ ਨੂੰ ਆਪਣੇ ਪਾਠਕਾਂ ਉੱਤੇ ਯਕੀਨੀ ਕਰਨਾ,
2. ਇਹ ਸਮਝਣ ਵਿੱਚ ਮਦਦ ਕਰਨ ਲਈ ਕਿ ਇਸਰਾਏਲ ਰਾਹੀਂ ਪ੍ਰਭੂ ਯਿਸੂ ਇਨਕਾਰ ਕਰਨਾ ਅਤੇ ਗੈਰ ਕੌਮਾਂ ਦਾ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਹੋਣਾ ਪਰਮੇਸ਼ੁਰ ਦੀ ਯੋਜਨਾ ਦਾ ਹਿੱਸਾ ਹੈ;
3. ਇਹ ਸਪਸ਼ਟ ਕਰਨ ਲਈ ਕਿ ਪ੍ਰਭੂ ਯਿਸੂ ਮਸੀਹ ਨੇ ਇਹ ਨਹੀਂ ਸਿਖਾਇਆ ਕਿ ਉਨ੍ਹਾਂ ਦੀ ਸਰੀਰੀ ਰੂਪ ਵਿੱਚ ਵਾਪਸੀ ਤੁਰੰਤ ਨਹੀਂ ਹੋਵੇਗੀ। ਪਰ ਉਨ੍ਹਾਂ ਦੇ ਜੀ ਉੱਠਣ ਤੋਂ ਅਤੇ ਵਾਪਸੀ ਵਿੱਚ ਇੱਕ ਸਮਾ ਹੋਵੇਗਾ ਅਤੇ
4. ਇਸ ਗੱਲ ਉੱਤੇ ਜੋਰ ਦੇਣ ਲਈ ਕਿ ਉਨ੍ਹਾਂ ਨੂੰ ਸੰਸਾਰ ਵਿੱਚ ਕਿਸੇ ਵੀ ਰਾਜ ਜਿਵੇਂ ਰੋਮੀ ਰਾਜ ਤੋ ਡਰਨ ਦੀ ਲੋੜ ਨਹੀਂ ਹੈ।

**ਪਿਛੋਕੜ ਅਤੇ ਹਾਲਾਤ:**

ਲੂਕਾ ਦੇ ਸੁਸਮਾਚਾਰ ਵਿੱਚ ਜਿਹੜੀਆਂ ਘਟਨਾਵਾਂ ਹਨ ਉਹ ਪੂਰੀ ਤੌਰ ਤੇ ਫਿਲਸਤੀਨ ਦੇ ਖੇਤਰ ਵਿੱਚ ਵਾਪਰੀਆਂ, ਜਿਹੜੇ ਰੋਮੀ ਰਾਜ ਦੇ ਅਧੀਨ ਸਨ। ਅਰੰਭ ਦੇ ਅਧਿਆਏ ਯਹੂਦਾ ਵਿੱਚ ਯਿਸੂ ਦੇ ਜਨਮ ਦੇ ਆਲੇ ਦੁਆਲੇ ਦੀਆਂ ਘਟਨਾਵਾਂ ਦਾ ਵਰਣਨ ਕਰਦੇ ਹਨ, ਜਿੱਥੇ ਰੋਮੀਆਂ ਦੇ ਰਾਹੀਂ ਰਾਜਾ ਹੈਰੋਦੇਸ ਨੂੰ ਨਿਯੁਕਤ ਕੀਤਾ ਗਿਆ ਸੀ। ਆਖਰੀ ਅਧਿਆਇਆਂ ਦੀ ਸਮਾਪਤੀ ਯਿਸੂ ਦੀ ਮੌਤ, ਜੀ ਉੱਠਣਾ ਅਤੇ ਸਵਰਗ ਉੱਤੇ ਚੁੱਕੇ ਜਾਣ ਦੇ ਨਾਲ ਹੋਈ, ਜੋ ਪੋਂਤੁਸ ਪਿਲਾਤੁਸ, ਅੰਤੀਪਾਸ ਅਤੇ ਫਿਲਿੱਪੁਸ ਅਧੀਨ ਹਾਕਿਮਾਂ ਦੇ ਸਮੇ ਹੋਇਆ।

**ਮੁਕਤੀ ਦੇ ਇਤਹਾਸ ਦਾ ਸੰਖੇਪ:**

ਪ੍ਰਭੂ ਯਿਸੂ ਮਸੀਹ, ਮਸੀਹ ਰਾਜਾ ਦੇ ਰੂਪ ਵਿੱਚ ਕੰਗਾਲਾਂ, ਲੋੜਵੰਦਾ ਅਤੇ ਦਲਿਤਾਂ ਨੂੰ ਛਡਾਉਣ ਲਈ ਆਉਂਦੇ ਹਨ (4:18−19). ਇਹ ਪੂਰੀ ਤਰ੍ਹਾਂ ਪੁਰਾਣੇ ਨੇਮ ਨੂੰ ਪੂਰਾ ਕਰਦੇ ਹਨ ( 24:44−47), ਖਾਸਕਰ ਅਨੰਤ ਮੁਕਤੀ ਦੀ ਪ੍ਰਤਿੱਗਿਆ ਨੂੰ। ਉਨ੍ਹਾਂ ਦੇ ਕੰਮ ਦੀ ਸੰਪੂਰਨਤਾ ਸਲੀਬ ਦੀ ਮੌਤ ਅਤੇ ਜੀ ਉੱਠਣ ਵਿੱਚ ਪੂਰੀ ਹੁੰਦੀ ਹੈ।

**<u>ਲੂਕਾ ਸੁਸਮਾਚਾਰ ਵਿੱਚ ਪਰਮੇਸ਼ੁਰ ਦੇ ਗੁਣ:</u>**

1. ਪਰਮੇਸ਼ੁਰ ਮਿਲਨਹਾਰ ਹੈ – 23:45
2. ਪਰਮੇਸ਼ੁਰ ਪਵਿੱਤਰ ਹੈ – 1:49
3. ਪਰਮੇਸ਼ੁਰ ਧੀਰਜੀ ਹੈ – 13:6-9
4. ਪਰਮੇਸ਼ੁਰ ਕਿਰਪਾਲੂ ਹੈ – 1:50, 78
5. ਪਰਮੇਸ਼ੁਰ ਸਮਰੱਥੀ ਹੈ – 11:20; 12:5
6. ਪਰਮੇਸ਼ੁਰ ਪ੍ਰਤਿੱਗਿਆ ਨੂੰ ਪੂਰਾ ਕਰਦੇ ਹਨ – 1:38, 45, 54, 55, 69-73
7. ਪਰਮੇਸ਼ੁਰ ਬੁੱਧਵਾਨ ਹੈ – 16:15

**<u>ਮੁੱਖ ਵਿਸ਼ਾ:</u>**

I. ਸੰਸਾਰ ਉੱਤੇ ਪਰਮੇਸ਼ੁਰ ਦਾ ਪੂਰਨ ਅਧਿਕਾਰ ਹੈ (13:33; 22:22, 42; ਰਸੂਲਾਂ ਦੇ ਕਰਤੱਬ 1:16-17; 2:23; 4:28)
II. ਪਰਮੇਸ਼ੁਰ ਦੇ ਰਾਜ ਦੇ ਆਗਮਨ ਅਤੇ ਹਕੀਕੀ ਹਜ਼ੂਰੀ (ਬੇਸ਼ੱਕ ਅਜੇ ਪੂਰਾ ਨਹੀਂ ਹੋਇਆ ਹੈ (11:2; 17:20–21; 21:34–36).
III. ਪ੍ਰਭੂ ਯਿਸੂ ਮਸੀਹ ਅਤੇ ਉਸ ਦੇ ਪੈਰੋਕਾਰਾਂ ਲਈ ਪਵਿੱਤ ਆਤਮਾ ਦਾ ਆਗਮਨ ਅਤੇ ਹਜ਼ੂਰੀ (1:15–17, 35; 2:25–27; 3:16, 22; 4:1, 18; 24:49).
IV. ਸੰਸਾਰ ਵਿੱਚ ਇੱਕ ਬਹੁਤ ਵੱਡਾ ਬਦਲਾਓ ਹੋਣ ਜਾ ਰਿਹਾ ਹੈ ਜਿਸ ਵਿੱਚ ਪਹਿਲੇ ਅਖੀਰੀ ਹੋਣਗੇ ਅਤੇ ਅਖੀਰੀ ਪਹਿਲੇ ਹੋਣਗੇ, ਘੁਮੰਡੀ ਨੀਵੇਂ ਕੀਤੇ ਜਾਣਗੇ ਅਤੇ ਦੀਨ ਉੱਚੇ ਕੀਤੇ ਜਾਣਗੇ (1:48; 6:20–26; 13:30; 14:11).
V. ਵਿਸ਼ਵਾਸੀਆਂ ਨੂੰ ਪ੍ਰਾਰਥਨਾ ਵਾਲਾ ਜੀਵਨ ਬਤੀਤ ਕਰਨਾ ਹੈ ਅਤੇ ਆਪਣੇ ਮਾਲ ਅਸਬਾਬ ਨੂੰ ਇੱਕ ਚੰਗੇ ਭੰਡਾਰੀ ਦੀ ਤਰ੍ਹਾਂ ਕੰਮ ਵਿੱਚ ਲਿਆਉਣਾ ਹੈ (6:12; 9:28–29; 11:1–4; 12:33–34; 18:1; 22:40).
VI. ਮਾਲ ਅਸਬਾਬ ਦਾ ਖਤਰਾ (6:20–26; 8:14; 12:13–21; 16:10–13, 19–31; 18:22; 21:3-4).

**<u>ਰੂਪ ਰੇਖਾ:</u>**

I. ਭੂਮਿਕਾ (1:1–4)
II. ਬਚਪਨ ਦੀ ਕਹਾਣੀ (1:5–2:52)
III. ਪ੍ਰਭੂ ਯਿਸੂ ਮਸੀਹ ਦੀ ਸੇਵਾ ਦੀ ਤਿਆਰੀ (3:1–4:15)
IV. ਗਲੀਲ ਵਿੱਚ ਪ੍ਰਭੂ ਯਿਸੂ ਮਸੀਹ ਦੀ ਸੇਵਾ (4:16–9:50)
V. ਯਰੂਸ਼ਲੇਮ ਵੱਲ ਯਾਤਰਾ (9:51–19:27)
VI. ਪ੍ਰਭੂ ਯਿਸੂ ਮਸੀਹ ਦੀ ਯਰੂਸ਼ਲੇਮ ਵਿੱਚ ਸੇਵਾ (19:28–21:38)
VII. ਪ੍ਰਭੂ ਯਿਸੂ ਮਸੀਹ ਦਾ ਕਸ਼ਟ ਅਤੇ ਮੌਤ (22:1–23:56)
VIII. ਪ੍ਰਭੂ ਯਿਸੂ ਮਸੀਹ ਦਾ ਮ੍ਰਿਤਕਾਂ ਵਿੱਚੋਂ ਜੀ ਉੱਠਣਾ (24:1–53)